# ਭਾਰਤ ਦੁਨੀਆ ਦਾ ਸਭ ਤੋਂ ਵੱਡਾ ਦੁੱਧ ਉਤਪਾਦਕ

ਅੰਤਰਰਾਸ਼ਟਰੀ ਸੰਸਥਾ ਖੁਰਾਕ ਅਤੇ ਖੇਤੀਬਾੜੀ ਸੰਗਠਨ (ਐਫ ਏ ਓ) ਵੱਲੋਂ ਤਿਆਰ ਅੰਕੜਿਆਂ ਮੁਤਾਬਿਕ, ਭਾਰਤ ਦੁਨੀਆ ਦਾ ਸਭ ਤੋਂ ਦੁੱਧ ਉਤਪਾਦਕ ਹੈ। 2020 ਵਿੱਚ ਦੁਨੀਆ ਦੇ ਦੁੱਧ ਉਤਪਾਦਨ ਵਿੱਚ ਭਾਰਤ ਦਾ ਹਿੱਸਾ 21 ਫ਼ੀਸਦੀ ਸੀ।

2000 ਵਿੱਚ ਭਾਰਤ ਵਿੱਚ ਦੁੱਧ ਦੀ ਪੈਦਾਵਾਰ ਕਰੀਬ 8 ਕਰੋੜ ਟਨ ਸੀ ਜਿਹੜੀ 2020 ਵਿੱਚ ਲਗਭਗ 18.4 ਕਰੋੜ ਟਨ ਹੋ ਗਈ। ਇਹ 20 ਸਾਲਾਂ ਦੌਰਾਨ ਭਾਰਤ ਦਾ ਦੁੱਧ ਉਤਪਾਦਨ ਕਰੀਬ 130 ਫ਼ੀਸਦੀ ਜਾਂ 10.4 ਕਰੋੜ ਟਨ ਵਧਿਆ।

ਭਾਰਤ ਤੋਂ ਬਾਅਦ, 2020 ਦੌਰਾਨ ਸਯੁੰਕਤ ਰਾਜ ਅਮਰੀਕਾ ਦਾ ਦੂਜਾ ਸਭ ਤੋਂ ਵੱਡਾ ਦੁੱਧ ਉਤਪਾਦਕ ਸੀ ਜਿਸਦਾ ਦੁਨੀਆ ਦੇ ਕੁੱਲ ਉਤਪਾਦਨ ਵਿੱਚ 11 ਫ਼ੀਸਦੀ ਯੋਗਦਾਨ ਸੀ ਜਿਹੜਾ ਕਰੀਬ 10.1 ਕਰੋੜ ਟਨ ਸੀ।

ਜੇ ਪੂਰੀ ਦੁਨੀਆ ਦੀ ਗੱਲ ਕਰੀਏ ਤਾਂ ਦੁੱਧ ਦਾ ਉਤਪਾਦਨ 2000 ਤੋਂ 2020 ਤੱਕ 30.7 ਕਰੋੜ ਟਨ ਵਧਿਆ। 2020 ਦੌਰਾਨ ਦੁਨੀਆ ਦੀ ਦੁੱਧ ਦੀ ਕੁੱਲ ਪੈਦਾਵਾਰ 88.7 ਕਰੋੜ ਟਨ ਸੀ।